ਅਧਿਆਪਕਾਂ ਨੂੰ ਟਰੇਨਿੰਗ ਦੇਣੀ ਜ਼ਰੂਰੀ ਹੈ

**ਹਰੇਕ ਅ**ਧਿਆਪਕ ਨੂੰ **ਗਿਆਨ ਵਧਾਉਣ ਲਈ ਅਤੇ ਪੜ੍ਹਾ**ਉਣ **ਦੇ ਤਰੀਕੇ** ਸਿੱਖਣ ਟੀਚਰ ਟਰੇਨਿੰਗ ਜ਼ਰੂਰ ਲੈਣੀ ਚਾਹੀਦੀ ਹੈ । **ਅਧਿਆਪਨ ਇਕ ਬਹੁਤ ਹੀ ਵਧੀਆ ਤੇ ਉਤਮ** ਕਿੱਤਾ **ਹੈ । ਇਸ** ਕਿੱਤੇ ਨੂੰ **ਉਤਮ ਰੱਖਣ ਲਈ ਹਰੇਕ ਅਿਧਆਪਕ** ਨੂੰ ਕੁਝ ਗੱਲਾਂ **ਦਾ** ਧਿਆਨ **ਰੱਖਣਾ ਜ਼ਰੂਰੀ ਹੈ । ਅਧਿਆਪਕ ਆਪਣੇ ਵਿਦਿਆਰਥੀ ਦਾ ਰੋਲ ਮਾਡਲ ਹੁੰਦੇ ਹਨ । ਅਧਿਆਪਕ ਨੂੰ ਭਾਵੇਂ ਕਿੰਨੇ ਸਾਲਾਂ ਦਾ ਗਿਆਨ ਹੋਵੇ ਫਿਰ ਵੀ ਉਸਨੂੰ ਟੀਚਰ ਟਰੇਨਿੰਗ ਲੈਂਦੇ ਰਹਿਣਾ ਚਾਹੀਦਾ ਹੈ । ਤਾਂਹੀ ਉਹ ਬੱਚਿਆਂ ਨੂੰ ਠੀਕ ਤਰਾਂ ਪੜ੍ਹ ਤੇ ਪੜ੍ਹਾ ਸਕੇਗਾ । ਅਧਿਆਪਕ ਨੂੰ ਹਮੇਸ਼ਾਂ ਅਧਿਆਪਕ ਹੀ ਬਣੇ ਰਹਿਣਾ ਚਾਹੀਦਾ ਹੈ । ਅਧਿਆਪਕ ਆਪਣੇ ਵਿਦਿਆਰਥੀ ਨੂੰ ਇਸ ਸ਼ਬਦ ਨਾਲ ਸੰਬੋਧਨ ਨਾ ਕਰੇ । ਅਧਿਆਪਕ ਆਪਣੇ ਵਿਸ਼ੇ ਦੇ ਗਿਆਨ ਵਿੱਚ ਮਾਹਿਰ ਹੋਣਾ ਚਾਹੀਦਾ ਹੈ । ਵਿਦਿਆਰਥੀਆਂ ਨੂੰ ਸਿੱਖੀਆਂ ਗਈਆਂ ਗੱਲਾਂ ਨੂੰ ਲਾਗੂ ਕਰਨ ਅਤੇ ਅਭਿਆਸ ਕਰਨ ਦੇ ਮੌਕੇ ਪ੍ਰਦਾਨ ਕਰਨਾ । ਬੱਚਿਆਂ ਨੂੰ ਅਹਿਮ ਸਿੱਖਿਆ ਦੇਣ ਲਈ ਜ਼ਰੂਰੀ ਹੈ ਕਿ ਅਧਿਆਪਕ ਵੀ ਅੱਜ ਦੀ ਸਿਖਿਆ ਦੇ ਤੌਰ ਤਰੀਕਿਆਂ ਤੋਂ ਜਾਣੂ ਹੋ ਸਕਣ। ਇਸ ਲਈ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਸਹੀ ਟਰੇਨਿੰਗ ਮਿਲੇ।** ਵਿਦਿਆਰਥੀਆਂ ਨੂੰ ਦੂਜਿਆਂ ਨਾਲ ਕੰਮ ਕਰਨ ਦੀ ਯੋਗਤਾ ਨੂੰ ਬਣਾਉਣਾ ਚਾਹੀਦਾ ਹੈ । ਵਿਦਿਆਰਥੀਆਂ ਨੂੰ ਸਰਗਰਮ , ਰਚਨਾਤਮਿਕ ਸਮੱਸਿਆ ਆਧਾਰਿਤ ਸਿੱਖਣ ਵਿੱਚ ਸ਼ਾਮਿਲ ਕਰਨਾ ਚਾਹੀਦਾ ਹੈ । ਕਲਾਸ-ਰੂਮ ਦੇ ਅੰਦਰ ਅਤੇ ਬਾਹਰ ਵਿਦਿਆਰਥੀਆਂ ਦੀ ਸੁਰੱਖਿਆ ਅਤੇ ਨਿਗਰਾਨੀ ਲਈ ਲੋੜਾਂ ਦੀ ਪਾਲਣਾ ਕਰਨਾ । ਸਕੂਲ ਕਾਲਜ ਦੇ ਨਿਯਮਾਂ ਅਨੁਸਾਰ ਵਿਦਿਆਰਥੀਆਂ ਨੂੰ ਵਾਜਿਬ ਹੋਮ ਵਰਕ ਦੇਣੀ ਚਾਹੀਦਾ ਹੈ ।

ਅਧਿਆਪਕ ਨੂੰ ਸਮੇਂ ਦਾ ਪਾਬੰਧ ਹੋਣਾ ਚਾਹੀਦਾ ਹੈ । ਦੂਸਰੇ ਅਧਿਆਪਕਾਂ ਤੇ ਸਟਾਫ਼ ਨਾਲ ਮਿਲ ਕੇ ਕੰਮ ਕਰਨਾ ਚਾਹੀਦਾ ਹੈ । ਅਧਿਆਪਕ ਨੂੰ ਸਕੂਲ ਕਾਲਜ ਦੇ ਨਿਯਮਾਂ ਤੇ ਨੀਤੀਆਂ ਦੀ ਪਾਲਣਾ ਕਰਨੀ ਚਾਹੀਦੀ ਹੈ ।ਵਿਦਿਆਰਥੀ ਦੇ ਵਿਵਹਾਰ ਦਾ ਪ੍ਰਬੰਧਨ ਕਰਨ , ਦਖਲ ਦੇਣ ਅਤੇ ਅਨੁਸ਼ਾਸਨ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦਾ ਹੁਨਰ ਹੋਣਾ ਚਾਹੀਦਾ ਹੈ । ਇਕ ਅਧਿਆਪਕ ਇਮਾਨਦਾਰ , ਨਿਰਪੱਖ ਸੋਚ ਵਾਲਾ ਤੇ ਨੈਤਿਕ ਆਚਰਣ ਵਾਲਾ ਹੋਣਾ ਚਾਹੀਦਾ ਹੈ । ਇਕ ਅਧਿਆਪਕ ਵਿੱਚ ਲੀਡਰਸ਼ਿਪ ਵਾਲੇ ਗੁਣ ਹੋਣੇ ਚਾਹੀਦੇ ਹਨ । ਇਕ ਅਧਿਆਪਕ ਕੋਲੋਂ ਸਮਾਜ ਨੂੰ ਬਹੁਤ ਉਮੀਦਾਂ ਹੁੰਦੀਆਂ ਹਨ । ਅਧਿਆਪਕ ਆਪ ਸਰਬ ਕਲਾ ਸੰਪੂਰਨ ਹੋਣਾ ਚਾਹੀਦਾ ਹੈ ।ਅਧਿਆਪਕ ਨੂੰ ਚਾਹੀਦਾ ਹੈ ਕਿ ਬੱਚੇ ਨੂੰ ਪਾਠ ਪੁਸਤਕਾਂ ਦੇ ਇਲਾਵਾ ਵਧੀਆ ਸਾਹਿਤ ਵੀ ਪੜ੍ਹਣ ਨੂੰ ਦੇਣਾ ਚਾਹੀਦਾ ਹੈ ਤਾਂ ਜੋ ਉਹਨਾਂ ਦਾ ਮਾਨਸਿਕ ਤੇ ਬੋਧਿਕ ਵਿਕਾਸ ਹੋ ਸਕੇ ।ਕਿਤਾਬਾਂ ਪੜ੍ਹ ਕੇ ਹੀ ਅਸੀਂ ਦੁਨੀਆਂ ਭਰ ਦਾ ਵੱਡ ਮੁੱਲਾ ਗਿਆਨ ਹਾਸਿਲ ਕਰ ਸਕਦੇ ਹਾਂ । ਅਧਿਆਪਕ ਵਿੱਦਿਆਰਥੀਆਂ ਦੇ ਮਨਾਂ ਦਾ ਹਨੇਰਾ ਦੂਰ ਕਰਦੇ ਨੇ ਤੇ ਉਹਨਾਂ ਵਿੱਚ ਨੈਤਿਕ ਗੁਣਾਂ ਨੂੰ ਵੀ ਭਰਦੇ ਨੇ ।ਅਧਿਆਪਕ ਦੀ ਸਿਰਤੋੜ ਕੋਸ਼ਿਸ਼ ਹੁੰਦੀ ਹੈ ਕਿ ਉਸਦਾ ਸ਼ਾਗਿਰਦ ਵੱਡਾ ਹੋ ਕੇ ਕਿਸੇ ਉੱਚ ਪਦਵੀ ਉੱਤੇ ਪਹੁੰਚੇ ।

ਅਧਿਆਪਕ ਬਹੁਤ ਵਧੀਆ ਬੁਲਾਰਾ ਵੀ ਹੋਣਾ ਚਾਹੀਦਾ ਹੈ । ਸਮੇਂ ਦਾ ਪਾਬੰਧ ਹੋਣਾ ਚਾਹੀਦਾ ਹੈ । ਬਾਸ਼ਰਤੇ ਕਿ ਇਕ ਅਧਿਆਪਕ ਵਿੱਚ ਵੀ ਇਕ ਚੰਗੇ ਅਧਿਆਪਕ ਵਾਲੇ ਉਹ ਸਾਰੇ ਗੁਣ ਹੋਣੇ ਚਾਹੀਦੇ ਨੇ ਜਿਸ ਨਾਲ ਬੱਚੇ ਦੀ ਨੁਹਾਰ ਬਦਲ ਜਾਵੇ ।ਉਸਨੂੰ ਹਰ ਵਿਸ਼ੇ ਦਾ ਗਿਆਨ ਹੋਣਾ ਚਾਹੀਦਾ ਹੈ ।ਅਧਿਆਪਕ ਦਾ ਪੜ੍ਹਾਉਣ , ਸਮਝਾਉਣ ਤੇ ਬੋਲਣ ਦਾ ਤਰੀਕਾ ਅਜਿਹਾ ਹੋਣਾ ਚਾਹੀਦਾ ਹੈ ਕਿ ਬੱਚੇ ਨੂੰ ਤੁਰੰਤ ਸਮਝ ਵਿੱਚ ਆ ਜਾਵੇ ।ਅਧਿਆਪਕ ਵਿੱਚ ਨਿਮਰਤਾ , ਮਿਠਾਸ , ਹਲੀਮੀ ਤੇ ਸਹਿਣਸ਼ਕਤੀ ਵੀ ਹੋਣੀ ਚਾਹੀਦੀ ਹੈ ।ਬੱਚੇ ਨੂੰ ਮਾਰ ਕੁੱਟ ਤੇ ਗ਼ੁੱਸੇ ਦੀ ਜਗਹ ਨਿਮਰਤਾ ਤੇ ਪਿਆਰ ਨਾਲ ਸਮਝਾਉਣਾ ਚਾਹੀਦਾ ਹੈ ।ਬੱਚੇ ਨੂੰ ਮਾਰ ਕੁੱਟ ਤੇ ਗ਼ੁੱਸੇ ਨਾਲ ਕਹਾਂਗੇ ਤੇ ਉਹ ਢੀਠ ਤੇ ਜ਼ਿੱਦੀ ਬਣ ਜਾਏਗਾ । ਅਧਿਆਪਕ ਦਾ ਡਰ ਵੀ ਨਹੀਂ ਰਹੇਗਾ ਤੇ ਉਸਦੀ ਇਜ਼ਤ ਵੀ ਨਹੀਂ ਕਰੇਗਾ ।ਬੱਚੇ ਨੂੰ ਬਾਰ ਬਾਰ ਨਲਾਇਕ ਵੀ ਨਹੀਂ ਕਹਿਣਾ ਚਾਹੀਦਾ ਕਿਉਂਕਿ ਇਸ ਨਾਲ ਉਸ ਵਿੱਚ ਹੀਨ ਭਾਵਨਾ ਪੈਦਾ ਹੁੰਦੀ ਹੈ ।ਨਾਲਾਇਕ ਸ਼ਬਦ ਤੇ ਪਾਬੰਦੀ ਲਗਾ ਦੇਣੀ ਚਾਹੀਦੀ ਹੈ ਤਾਂਕਿ ਅਧਿਆਪਕ ਆਪਣੇ ਵਿਦਿਆਰਥੀ ਨੂੰ ਨਾਲਾਇਕ ਨਾ ਕਹਿ ਸਕੇ । ਅਧਿਆਪਕ ਨੂੰ ਮੁੱਢਲੀ ਡਾਕਟਰੀ ਸਹਾਇਤਾ ਦੀ ਜਾਣਕਾਰੀ ਵੀ ਹੋਣੀ ਚਾਹੀਦੀ ਹੈ । ਅੱਛੇ ਅਧਿਆਪਕ ਦਾ ਸਮਾਜ ਅਤੇ ਵਿਦਿਆਰਥੀ ਹਮੇਸ਼ਾਂ ਸਤਿਕਾਰ ਕਰਦੇ ਹਨ ।

**ਜੋ ਅਧਿਆਪਕ ਉਤਸ਼ਾਹ ਦਾ ਪ੍ਰਦਰਸ਼ਨ ਕਰਦੇ ਹਨ ਉਹ ਵਿਦਿਆਰਥੀਆਂ ਵਿੱਚ ਵਿਸ਼ਾ ਵਸਤੂ ਸਿੱਖਣ ਬਾਰੇ ਜ਼ਿਆਦਾ ਦਿਲਚਸਪੀ, ਊਰਜਾਵਾਨ ਅਤੇ**

ਉਤਸੁਕਤਾ ਜਗਾ ਸਕਦੇ ਹਨ। ਹਾਲੀਆ ਖੋਜਾਂ ਨੇ ਅਧਿਆਪਕਾਂ ਦੇ ਉਤਸ਼ਾਹ ਅਤੇ ਸਜੀਵਤਾ ਦਾ ਸਿੱਖਣ ਲਈ ਵਿਦਿਆਰਥੀਆਂ ਦੀ ਅੰਦਰੂਨੀ ਪ੍ਰੇਰਣਾ ਵਿਚਕਾਰ ਇੱਕ ਸਕਾਰਾਤਮਕ ਸੰਬੰਧ ਦਿਖਾਇਆ ਹੈ। ਅਧਿਆਪਕ ਅਤੇ ਵਿਦਿਆਰਥੀ ਦੀ ਸਾਂਝ ਸਿਰਫ਼ ਪੜ੍ਹਾਈ ਤਕ ਹੀ ਸੀਮਤ ਨਹੀਂ ਹੁੰਦੀ, ਸਗੋਂ ਅਧਿਆਪਕ ਵਿਦਿਆਰਥੀ ਨੂੰ ਜ਼ਿੰਦਗੀ ਦੀਆਂ ਪੌੜੀਆਂ ਚੜ੍ਹਨ ਦੇ ਕਾਬਲ ਬਣਾਉਣ ਵਿੱਚ ਵੀ ਅਹਿਮ ਰੋਲ ਅਦਾ ਕਰਦਾ ਹੈ। ਅਧਿਆਪਕ ਬੱਚਿਆਂ ਦਾ ਵਿਸ਼ਵਾਸ ਪਾਤਰ ਹੋਣਾ ਚਾਹੀਦਾ ਹੈ । ਅਧਿਆਪਕ ਵਿਦਿਆਰਥੀ ਲਈ ਰਾਹ ਦਸੇਰਾ ਹੁੰਦਾ ਹੈ।ਅਧਿਆਪਕ ਚੰਗੀ ਸੋਚ ਦਾ ਮਾਲਕ ਹੋਣਾ ਚਾਹੀਦਾ ਹੈ,ਜੋ ਵਿਦਿਆਰਥੀਆਂ ਨੂੰ ਅਤੇ ਸਮਾਜ ਨੂੰ ਚੰਗੀ ਸੇਧ ਦੇ ਕੇ ਚੰਗੇ ਸਮਾਜ ਦੀ ਸਿਰਜਣਾ ਕਰ ਸਕੇ। ਅਧਿਆਪਕ ਦੀ ਪਹਿਲੀ ਤਰਜੀਹ ਆਦਰਸ਼ ਤੇ ਆਚਰਣ ਨਿਰਮਾਣਕਾਰੀ ਹੁੰਦੀ ਹੈ ।

ਅਧਿਐਨ ਇਹ ਦਸਦੇ ਹਨ ਕਿ ਵਿਦਿਆਰਥੀਆਂ ਦੀ ਪ੍ਰੇਰਨਾ ਅਤੇ ਉਹਨਾਂ ਦਾ ਸਕੂਲ ਪ੍ਰਤੀ ਨਜ਼ਰੀਆ ਅਧਿਆਪਕ ਵਿਦਿਆਰਥੀ ਸੰਬੰਧਾਂ ਨਾਲ ਨੇੜਿਓਂ ਜੁੜਿਆ ਹੋਇਆ ਹੈ। ਉਤਸਾਹਿਤ ਅਧਿਆਪਕ ਵਿਦਿਆਰਥੀਆਂ ਲਈ ਅਜਿਹੇ ਲਾਭਕਾਰੀ ਰਿਸ਼ਤੇ ਪੈਦਾ ਕਰਨ ਵਿੱਚ ਉਸਾਰੂ ਭੂਮਿਕਾ ਅਦਾ ਕਰਦੇ ਹਨ। ਉਸਾਰੂ ਵਾਤਾਵਰਣ ਜਿਸ ਦਾ ਸਿੱਧਾ ਤੁਅੱਲਕ ਵਿਦਿਆਰਥੀਆਂ ਦੀ ਪ੍ਰਾਪਤੀ ਦੇ ਨਾਲ ਹੈ ਬਣਾਉਣ ਵਿੱਚ ਅਜਿਹੇ ਅਧਿਆਪਕ ਵਿਦਿਆਰਥੀ ਸੰਬੰਧਾਂ ਦੀ ਮੁੱਖ ਭੂਮਿਕਾ ਹੁੰਦੀ ਹੈ।ਅਧਿਆਪਕ ਹਰ ਚੰਗੇ ਕੰਮ ਲਈ ਵਿਦਿਆਰਥੀ ਨੂੰ ਸ਼ਾਬਾਸ਼ ਦਿੰਦਾ ਹੈ ਜਿਸ ਨਾਲ ਉਸ ਦਾ ਭਵਿੱਖ ਸੰਵਰ ਸਕਦਾ ਹੈ ਕਿਉਂਕਿ ਸ਼ਾਬਾਸ਼ ਜਾਂ ਹੱਲਾਸ਼ੇਰੀ ਨਾਲ ਵਿਦਿਆਰਥੀ ਆਪਣੀ ਸੰਭਾਵਨਾ ਤਲਾਸ਼ਣ ਦੇ ਸਮਰੱਥ ਹੋ ਸਕਦਾ ਹੈ।ਵਿਦਿਆਰਥੀ ਉਹਨਾਂ ਅਧਿਆਪਕਾਂ ਨਾਲ ਵਧੇਰੇ ਮਜ਼ਬੂਤ ਰਿਸ਼ਤੇ ਬਣਾਉਂਦੇ ਹਨ ਜਿਹੜੇ ਅਧਿਆਪਕ ਦੋਸਤਾਨਾ ਅਤੇ ਮਦਦ ਵਾਲਾ ਵਿਵਹਾਰ ਕਰਦੇ ਹਨ। ਉਹ ਅਧਿਆਪਕ ਜੋ ਵਿਦਿਆਰਥੀਆਂ ਨਾਲ ਸਿੱਧਾ ਤਾਲਮੇਲ ਕਰਕੇ ਉਹਨਾਂ ਨਾਲ ਕੰਮ ਕਰਨ ਵਿੱਚ ਵਧੇਰੇ ਸਮਾਂ ਬਿਤਾਉਂਦੇ ਹਨ, ਉਹ ਵਧੀਆ ਅਧਿਆਪਕ ਵਜੋਂ ਜਾਣੇ ਜਾਂਦੇ ਹਨ। ਅਧਿਆਪਕ ਆਪਣੇ ਦਾਇਰੇ ਵਿੱਚ ਰਹਿੰਦੇ ਬੱਚਿਆਂ, ਵੱਡਿਆਂ ਦੀਆਂ ਸਿੱਖਿਆ ਸਬੰਧੀ ਲੋੜਾਂ ਵਿੱਚ ਮਦਦਗਾਰ ਸਾਬਤ ਹੁੰਦਾ ਹੈ। ਉਸ ਦਾ ਇਹ ਕੰਮ ਵਿਦਿਆਰਥੀਆਂ ਦੀਆਂ ਅਗਲੀਆਂ ਪੀੜ੍ਹੀਆਂ ਦੇ ਜੀਵਨ ਮਿਆਰ ਨੂੰ ਵੀ ਸਕਾਰਾਤਮਕ ਰੂਪ ਵਿੱਚ ਪ੍ਰਭਾਵਤ ਕਰਦਾ ਹੈ ।

ਅਧਿਆਪਕ ਆਪਣੇ ਵਿਦਿਆਰਥੀਆਂ ਨਾਲ ਸਕਾਰਾਤਮਕ ਸੰਬੰਧ ਬਣਾ ਸਕਦੇ ਹਨ , ਜੇਕਰ

ਉਹ ਕਲਾਸ ਅਤੇ ਸਕੂਲ ਲਈ ਨਿਯਮਾਨੁਸਾਰ ਬਣਤਰ ਪ੍ਰਦਾਨ ਕਰਦੇ ਹਨ। ਅਧਿਆਪਕਾਂ ਨੂੰ ਆਪਣੇ ਵਿਦਿਆਰਥੀਆਂ ਤੋਂ ਸਪਸ਼ਟ ਉਮੀਦਾਂ ਬਾਰੇ ਦੱਸਣਾ ਚਾਹੀਦਾ ਹੈ। ਨਿਯਮ ਸਮਝਦਾਰੀ ਨਾਲ ਨਿਰੰਤਰ ਲਾਗੂ ਕੀਤੇ ਜਾਣੇ ਚਾਹੀਦੇ ਹਨ। ਅਜਿਹੀਆਂ ਸਥਿਤੀਆਂ ਵਿੱਚ, ਇੱਕ ਵਿਦਿਆਰਥੀ ਦਾ ਆਪਣੇ ਅਧਿਆਪਕ ਤੇ ਭਰੋਸਾ ਵਧਦਾ ਹੈ।

ਉਹ ਉਤਸ਼ਾਹ ਅਤੇ ਜੋਸ਼ ਨਾਲ ਸਿਖਾਉਂਦੇ ਹਨ।

ਉਹ ਸਕਾਰਾਤਮਕ ਰਵੱਈਆ ਪ੍ਰਦਰਸ਼ਤ ਕਰਦੇ ਹਨ।

ਉਹ ਸਿੱਖਣ ਨੂੰ ਮਜ਼ੇਦਾਰ ਬਣਾਉਂਦੇ ਹਨ,ਅਨੰਦਮਈ ਸਿੱਖਣ ਵਾਲੇ ਵਾਤਾਵਰਣ ਦੀ ਸਿਰਜਣਾ ਵਿਦਿਆਰਥੀਆਂ ਦੀ ਹਾਜ਼ਰੀ ਅਤੇ ਸ਼ਮੂਲੀਅਤ ਨੂੰ ਉਤਸ਼ਾਹਤ ਕਰਦੀ ਹੈ।

ਉਹ ਕਲਾਸਰੂਮ ਤੋਂ ਬਾਹਰ ਵਿਦਿਆਰਥੀ ਦੀ ਜ਼ਿੰਦਗੀ ਵਿੱਚ ਦਿਲਚਸਪੀ ਦਿਖਾਉਂਦੇ ਹਨ।

ਉਹ ਵਿਦਿਆਰਥੀਆਂ ਨਾਲ ਆਦਰ ਨਾਲ ਪੇਸ਼ ਆਉਂਦੇ ਹਨ। ਇੱਕ ਅਧਿਆਪਕ ਜੋ ਆਪਣੇ ਵਿਦਿਆਰਥੀਆਂ ਦਾ ਆਦਰ ਕਰਦਾ ਹੈ ਉਹ ਆਪਣੇ ਵਿਦਿਆਰਥੀਆਂ ਤੋਂ ਆਪਸੀ ਸਤਿਕਾਰ ਦਾ ਅਨੁਭਵ ਕਰੇਗਾ।

ਉਹ ਵਿਦਿਆਰਥੀਆਂ ਲਈ ਇੱਕ ਸੁਰੱਖਿਅਤ ਅਤੇ ਭਰੋਸੇ ਦੇ ਯੋਗ, ਸੰਕਟਮੁਕਤ ਵਾਤਾਵਰਣ ਬਣਾਉਂਦੇ ਹਨ। ਅਧਿਆਪਕਾਂ ਨੂੰ ਉਹ ਹੱਦਾਂ ਨਿਰਧਾਰਤ ਕਰਨ ਦੀ ਲੋੜ ਹੁੰਦੀ ਹੈ ਜਿੱਥੇ ਵਿਦਿਆਰਥੀ ਇੱਕ ਦੂਜੇ ਦੀ ਆਲੋਚਨਾ ਜਾਂ ਧੱਕੇਸ਼ਾਹੀ ਨਹੀਂ ਕਰਦੇ। ਸਕਾਰਾਤਮਕ ਅਧਿਆਪਕ-ਵਿਦਿਆਰਥੀ ਸੰਬੰਧਾਂ ਦਾ ਵਿਕਾਸ ਕਰਨ ਲਈ ਸਮਾਂ ਅਤੇ ਮਿਹਨਤ ਚਾਹੀਦੀ ਹੁੰਦੀ ਹੈ

ਸ ਸਰਦੂਲ ਸਿੰਘ ਥਿਆੜਾ ਪ੍ਰਧਾਨ

ਜਗਤ ਪੰਜਾਬੀ ਸਭਾ । 🙏🙏